ਮਿੱਠੇ ਬੱਚੇ:- "ਮਿੱਠੇ ਬੱਚੇ :- ਸ਼ਿਵਬਾਬਾ ਦਾ ਚਿੱਤਰ ਇੱਕ ਕੋਠਰੀ ਵਿੱਚ ਰੱਖ ਦਵੋ, ਘੜੀ - ਘੜੀ ਜਾਕੇ ਉਸਦੇ ਸਾਹਮਣੇ ਜਾਕੇ ਬੈਠ ਗੱਲਾਂ ਕਰੋ, ਤਾਂ ਸਾਰਾ ਦਿਨ ਯਾਦ ਬਣੀ ਰਹੇਗੀ"

ਪ੍ਰਸ਼ਨ:- ਨਵਾਂ ਅਤੇ ਅਨੋਖਾ ਪਿਆਰ ਕਿਹੜਾ ਹੈ, ਜਿਸਦੀ ਅਨੁਭੂਤੀ ਕੇਵਲ ਸੰਗਮ ਤੇ ਹੁੰਦੀ ਹੈ?

ਉੱਤਰ:- ਵਚਿੱਤਰ ਬਾਪ ਦੇ ਨਾਲ ਪਿਆਰ ਕਰਨਾ - ਇਹ ਹੈ ਨਵਾਂ ਪਿਆਰ। ਤੁਸੀਂ ਜਾਣਦੇ ਹੋ ਨਿਰਾਕਾਰ ਵਚਿੱਤਰ ਬਾਬਾ ਇਸ ਸਾਕਾਰ ਵਿੱਚ ਆਇਆ ਹੋਇਆ ਹੈ ਅਸੀਂ ਉਹਨਾਂ ਦੇ ਸਾਹਮਣੇ ਬੈਠੇ ਹਾਂ, ਸਾਨੂੰ ਸੰਗਮ ਤੇ ਡਾਇਰੈਕਟ ਈਸ਼ਵਰ ਦਾ ਪਿਆਰ ਮਿਲਦਾ ਹੈ - ਇਹ ਹੈ ਨਵਾਂ ਅਤੇ ਅਨੋਖਾ ਪਿਆਰ। ਸਾਰਾ ਕਲਪ ਦੇਹਧਾਰੀਆਂ ਨਾਲ ਪਿਆਰ ਕੀਤਾ, ਹੁਣ ਵਿਦੇਹੀ ਬਾਪ ਨਾਲ ਪਿਆਰ ਕਰਨਾ ਹੈ। ਅਜਿਹਾ ਪਿਆਰ ਸੰਗਮ ਤੇ ਹੀ ਹੁੰਦਾ ਹੈ।

ਗੀਤ:- ਕੌਣ ਆਇਆ ਮੇਰੇ ਮਨ ਦੇ ਦਵਾਰੇ...

ਓਮ ਸ਼ਾਂਤੀ। ਬੱਚੇ ਜਾਣਦੇ ਹਨ ਕਿ ਬੇਹੱਦ ਦਾ ਬਾਪ ਵਚਿੱਤਰ ਹੈ ਅਤੇ ਹੁਣ ਇੱਕ ਨਵਾਂ ਪਿਆਰ ਲੈਕੇ ਅਸੀਂ ਬਾਬਾ ਦੇ ਕੋਲ ਬੈਠੇ ਹਾਂ ਜਾਂ ਆਏ ਹਾਂ। ਇਸਨੂੰ ਨਵਾਂ ਪਿਆਰ ਕਹਿੰਦੇ ਹਨ। ਈਸ਼ਵਰ ਦਾ ਪਿਆਰ ਸਿਰਫ਼ ਇੱਕ ਵਾਰ ਬੱਚਿਆਂ ਨੂੰ ਮਿਲਦਾ ਹੈ। ਬੱਚੇ ਸਮਝ ਸਕਦੇ ਹਨ ਬਰੋਬਰ ਪਰਮਪਿਤਾ ਪਰਮਾਤਮਾ ਨੂੰ ਸਭ ਯਾਦ ਕਰਦੇ ਹਾਂ। ਉਹ ਬੈਠ ਬੱਚਿਆਂ ਨੂੰ ਪੜ੍ਹਾਉਂਦੇ ਹਨ। ਉਹ ਨਿਰਾਕਾਰ ਵਚਿੱਤਰ ਬਾਬਾ ਇਹਨਾਂ ਵਿੱਚ ਆਇਆ ਹੋਇਆ ਹੈ। ਪਰਮਪਿਤਾ ਪਰਮਾਤਮਾ ਅਸੀਂ ਆਤਮਾਵਾਂ ਦਾ ਬਾਪ ਹੈ। ਅਸੀਂ ਹੁਣ ਉਹਨਾਂ ਨੂੰ ਜਾਣ - ਪਹਿਚਾਣ ਗਏ ਹਾਂ। ਇਹ ਪਿਆਰ ਵੀ ਅਨੋਖਾ ਹੈ। ਉਵੇਂ ਤਾਂ ਹਮੇਸ਼ਾ ਦੇਹਧਾਰੀ ਨੂੰ ਹੀ ਪਿਆਰ ਕੀਤਾ ਜਾਂਦਾ ਹੈ। ਇਹ ਹੈ ਵਿਦੇਹੀ, ਬਿਗਰ ਦੇਹ ਦੇ। ਅਸੀਂ ਉਹਨਾਂ ਦੇ ਸਾਹਮਣੇ ਬੈਠੇ ਹਾਂ। ਉਹ ਬਹੁਤ ਪਿਆਰ ਨਾਲ ਆਕੇ ਪੜ੍ਹਾਉਂਦੇ ਹਨ। ਤਾਂ ਨਵੀਂ ਗੱਲ ਹੋਈ ਨਾਂ। ਅੱਗੇ ਜੋ ਆਸ਼ਾਵਾਂ ਸਨ - ਧਨ ਮਿਲੇ, ਮਹਿਲ ਮਿਲੇ, ਉਹ ਸਭ ਆਸ਼ਾਵਾਂ ਬਦਲ ਗਈਆਂ ਹਨ। ਸਾਰੀ ਦੁਨੀਆਂ ਵਿੱਚ ਤੁਹਾਡੀ ਆਸ਼ ਬਦਲੀ ਹੋਈ ਹੈ। ਅਸੀਂ ਹੁਣ ਬਾਬਾ ਕੋਲੋਂ ਵਿਸ਼ਵ ਦੇ ਮਾਲਿਕ ਬਣਨ ਦਾ ਪੁਰਸ਼ਾਰਥ ਕਰ ਰਹੇ ਹਾਂ। ਹੁਣ ਤੁਸੀਂ ਸਮੁੱਖ ਬੈਠੇ ਹੋ। ਜਾਣਦੇ ਹੋ ਉਹ ਹੀ ਸਭ ਆਤਮਾਵਾਂ ਦਾ ਬਾਪ ਪਤਿਤ - ਪਾਵਨ ਸ਼ਿਵ ਹੈ। ਯਾਦ ਵੀ ਉਹਨਾਂ ਨੂੰ ਹੀ ਕਰਦੇ ਹਨ। ਹੁਣ ਤੁਸੀਂ ਬੱਚੇ ਸਮੁੱਖ ਬੈਠੇ ਹੋ। ਦਿਲ ਵਿੱਚ ਉਮੰਗ ਹੈ - ਬੇਹੱਦ ਦੇ ਬਾਪ ਕੋਲੋਂ, ਬੇਹੱਦ ਦਾ ਵਰਸਾ ਲੈਣਾ ਹੈ। ਕਿੰਨਾ ਵਚਿੱਤਰ, ਅਨੋਖਾ, ਵੰਡਰਫੁੱਲ ਬਾਬਾ ਹੈ! ਇਹ ਹੋਰ ਕੋਈ ਨਹੀਂ ਜਾਣਦੇ। ਸਿਰਫ਼ ਤੁਸੀਂ ਹੀ ਜਾਣਦੇ ਹੋ - ਬਾਪ ਕਿਵੇਂ ਆਪਣਾ ਬਣਾਕੇ ਫਿਰ ਪੜ੍ਹਾਉਂਦੇ ਹਨ। ਤਾਂ ਇਵੇਂ ਕੀ ਯੁਕਤੀ ਕਰਨ ਜੋ ਘੜੀ - ਘੜੀ ਬਾਪ ਨੂੰ ਯਾਦ ਕਰਦੇ ਰਹਿਣ? ਬਾਪ ਰਾਏ ਦਿੰਦੇ ਹਨ - ਹਰ ਇਕ ਆਪਣੇ ਘਰ ਵਿੱਚ ਸ਼ਿਵ ਦਾ ਚਿੱਤਰ ਰੱਖ ਦੇਵੇ। ਸ਼ਿਵ ਦਾ ਚਿਤਰ ਦੇਖ ਕੇ ਸਮਝਣਗੇ - ਬੇਹੱਦ ਦਾ ਬਾਬਾ ਪਤਿਤ - ਪਾਵਨ ਆਇਆ ਹੋਇਆ ਹੈ ਪਾਵਨ ਦੁਨੀਆਂ ਸਥਾਪਨ ਕਰਨ। ਉਹਨਾਂ ਕੋਲੋਂ ਅਸੀਂ 5 ਹਜ਼ਾਰ ਵਰ੍ਹੇ ਪਹਿਲੇ ਮੁਅਫਿਕ ਵਰਸਾ ਲੈ ਰਹੇ ਹਾਂ, ਸਵਰਗ ਦੇ ਸਵਰਾਜ ਦਾ। ਆਤਮਾ ਜਾਣਦੀ ਹੈ - ਅਸੀਂ ਸਵਰਗ ਵਿੱਚ ਜਾਕੇ ਸ਼ਰੀਰ ਦੇ ਨਾਲ ਰਾਜ ਕਰਾਂਗੇ। ਜੋ ਗੱਲ ਕਦੀ ਸੁਪਨੇ ਵਿੱਚ ਵੀ ਨਹੀਂ ਸੀ, ਹੁਣ ਉਹ ਆਇਆ ਹੈ ਤਾਂ ਇੱਕ ਕੋਠਰੀ ਆਪਣੀ ਬਣਾਕੇ ਸ਼ਿਵ ਦੇ ਚਿੱਤਰ ਰੱਖ ਉਸ ਵਿੱਚ ਲਿਖ ਦੇਣਾ ਚਾਹੀਦਾ ਹੈ - ਬਾਬਾ ਆਇਆ ਹੋਇਆ ਹੈ। ਉਹਨਾਂ ਨੂੰ ਆਉਣਾ ਹੀ ਹੈ ਸਵਰਗ ਦੀ ਸਥਾਪਨਾ ਕਰਨ। ਨਰਕਵਾਸੀਆਂ ਨੂੰ ਸਵਰਗਵਾਸੀ ਬਣਾਉਣ। ਘੜੀ - ਘੜੀ ਸ਼ਿਵਬਾਬਾ ਨੂੰ ਦੇਖਦੇ ਰਹਿਣਗੇ ਤਾਂ ਯਾਦ ਰਹੇਗੀ। ਚਿਤਰ ਗਲੇ ਵਿੱਚ ਪਾ ਦਿੰਦੇ ਹਨ। ਪਤੀ ਦਾ ਚਿਤਰ ਗਲੇ ਵਿੱਚ ਪਾ ਦਿੰਦੇ ਹਨ ਨਾ। ਤੁਸੀਂ ਬੱਚਿਆਂ ਦੇ ਲਈ ਵੀ ਤਿਆਰ ਕਰਵਾ ਰਹੇ ਹਨ। ਪਾਰਲੌਕਿਕ ਬਾਪ ਨੂੰ ਯਾਦ ਕਰਨਾ ਬੜਾ ਅਨੋਖਾ ਹੈ। ਹੋਰ ਸਭ ਦੀ ਯਾਦ ਨੂੰ ਸਮੇਟ ਇੱਕ ਨੂੰ ਯਾਦ ਕਰਨਾ ਹੈ। ਜਿਵੇਂ ਭਗਤੀ ਮਾਰਗ ਵਿੱਚ ਵੀ ਆਪਣੇ ਘਰ ਵਿੱਚ ਪੂਜਾ ਦੀ ਕੋਠਰੀ ਅਤੇ ਮੰਦਿਰ ਬਣਾਉਂਦੇ ਹਨ ਨਾ, ਉਵੇਂ ਗਿਆਨ ਮਾਰਗ ਵਿੱਚ ਵੀ ਕੋਠਰੀ ਬਣਾਏ ਉਸ ਵਿੱਚ ਸਿਰਫ਼ ਸਿਵਬਾਬਾ ਦਾ ਚਿੱਤਰ ਰੱਖਣਾ ਚਾਹੀਦਾ ਹੈ। ਮਨੁੱਖ ਸਮਝਦੇ ਹਨ - ਬ੍ਰਹਮਾਕੁਮਾਰੀਆਂ ਦੀ ਮੁਰਲੀ ਵਿਕਾਰ ਤੋਂ ਛੁਡਾਉਂਦੀ ਹੈ। ਅਰੇ, ਇਹ ਤੇ ਚੰਗਾ ਹੈ ਨਾ। ਪਾਵਨ ਬਣਨ ਲਈ ਤਾਂ ਵਿਕਾਰਾਂ ਨੂੰ ਤਾਂ ਛੱਡਣਾ ਹੋਵੇਗਾ। ਵਿਗੜਦੇ ਹਨ - ਭਗਤੀ ਕਿਉਂ ਛੱਡਦੇ ਹੋ? ਅੱਛਾ, ਅਸੀਂ ਭਗਤੀ ਕਰਦੇ ਹਾਂ ਪਰ ਇੱਕ ਦੀ, ਦੂਸਰਾ ਨਾ ਕੋਈ। ਹੋਰ ਸੰਗ ਬੁੱਧੀਯੋਗ ਤੋੜ੍ਹ ਦੇਣਾ ਹੈ।

ਤੁਹਾਡੀ ਯੁੱਧ ਹੈ ਮਾਇਆ ਦੇ ਨਾਲ। ਤੁਸੀਂ ਬਾਪ ਨੂੰ ਯਾਦ ਕਰਦੇ ਹੋ, ਮਾਇਆ ਤੋੜਨ ਦੀ ਕੋਸ਼ਿਸ਼ ਕਰਦੀ ਹੈ। ਸਾਨੂੰ ਸ਼ਿਵਬਾਬਾ ਤੋਂ ਵਰਸਾ ਮਿਲਦਾ ਹੈ - ਇਵੇਂ ਯਾਦ ਕਰਦੇ ਰਹੋਗੇ। ਸ਼ਿਵਬਾਬਾ ਨੂੰ ਦੇਖਦੇ ਰਹੋਗੇ ਤਾਂ ਤੁਹਾਡੀ ਕੋਠੀ ਬੈਕੁੰਠ ਬਣ ਜਾਏਗੀ। ਮੀਰਾ ਵੀ ਭਗਤੀ ਕਰਦੀ ਸੀ ਤਾਂ ਬੈਕੁੰਠ ਦਾ ਸਾਕਸ਼ਾਤਕਾਰ ਕਰਦੀ ਸੀ। ਉਹਨਾਂ ਨੂੰ ਵੀ ਸ਼ਾਕਸ਼ਾਤਕਾਰ ਕਰਾਉਣ ਵਾਲਾ ਸ਼ਿਵਬਾਬਾ ਹੈ। ਤੁਹਾਡੀ ਬੁੱਧੀ ਵਿੱਚ ਹੁਣ ਆਇਆ ਹੈ - ਅਸੀਂ ਸ਼ਿਵਬਾਬਾ ਕੋਲੋਂ ਵਿਸ਼ਵ ਦਾ ਮਾਲਿਕ ਬਣਦੇ ਹਾਂ। ਭਗਤੀ ਮਾਰਗ ਵਿੱਚ ਇਹ ਪਤਾ ਨਹੀਂ ਰਹਿੰਦਾ - ਸ਼ਿਵ ਕੀ ਕਰਦੇ ਹਨ? ਕਿਉਂ ਉਸ ਤੇ ਬਲੀ ਚੜਦੇ ਹਨ? ਤੁਸੀਂ ਸਮਝਦੇ ਹੋ - ਸਭਤੋਂ ਉੱਚ ਹੈ ਸ਼ਿਵਬਾਬਾ, ਉਹਨਾਂ ਨੂੰ ਹੀ ਪਰਮਪਿਤਾ ਪਰਮਾਤਮਾ ਕਿਹਾ ਜਾਂਦਾ ਹੈ। ਪਰਮਾਤਮਾ ਕੋਲੋਂ ਜਰੂਰ ਨਵੀਂ ਕੋਈ ਚੀਜ਼ ਮਿਲੇਗੀ। ਉਹਨਾਂ ਨੂੰ ਹੈਵਿਨਲੀ ਗੋਡ ਫ਼ਾਦਰ ਕਿਹਾ ਜਾਂਦਾ ਹੈ। ਸਵਰਗ ਵਿੱਚ ਹੈ ਸ਼੍ਰੀਕ੍ਰਿਸ਼ਨ, ਉਹਨਾਂ ਨੂੰ ਫ਼ਾਦਰ ਨਹੀਂ ਕਹਾਂਗੇ। ਉਹ ਤਾਂ ਬੱਚਾ ਹੈ। ਸਵਰਗ ਸਥਾਪਨ ਕਰਨ ਵਾਲਾ ਬਾਪ ਹੈ ਨਿਰਾਕਾਰ। ਉਹ ਦੇਹਧਾਰੀ ਨਹੀਂ। ਉਵੇਂ ਤਾਂ ਅੱਜਕਲ ਸਭਨੂੰ ਫ਼ਾਦਰ ਕਹਿੰਦੇ ਰਹਿੰਦੇ ਹਨ। ਗਾਂਧੀ ਜੀ ਨੂੰ ਵੀ ਬਾਪੂ ਜੀ ਕਹਿੰਦੇ ਹਨ।

ਪਰ ਸਭ ਧਰਮ ਵਾਲੇ ਨਹੀਂ ਕਹਿਣਗੇ। ਅਰਥ ਤਾਂ ਸਮਝਦੇ ਨਹੀਂ। ਤੁਸੀਂ ਜਾਣਦੇ ਹੋ - ਸਭਦਾ ਬਾਪੂਜੀ ਸ਼ਿਵਬਾਬਾ ਹੈ। ਸ਼ਿਵ ਦਾਦਾ ਨਹੀਂ, ਬਾਬਾ। ਉਹ ਨਿਰਾਕਾਰੀ ਦੁਨੀਆਂ ਵਿੱਚ ਰਹਿੰਦੇ ਹਨ। ਸ਼੍ਰੀਕ੍ਰਿਸ਼ਨ ਨੂੰ ਯਾਦ ਕਰਨਗੇ ਪਰ ਉਹ ਤਾਂ ਬੈਕੁੰਠ ਨਿਵਾਸੀ ਹਨ। ਰਿਸ਼ੀ - ਮੁਨੀ ਆਦਿ ਸਭ ਦੇਹਧਾਰੀ ਇੱਥੇ ਹੋਕੇ ਗਏ ਹਨ। ਪਰਮਾਤਮਾ ਹੈ ਨਿਰਾਕਾਰ, ਉਹਨਾਂ ਨੂੰ ਦੇਹ ਹੈ ਨਹੀਂ। ਸਰਵਵਿਆਪੀ ਦੇ ਗਿਆਨ ਕਾਰਨ ਬੁੱਧੀ ਕਿਸੇ ਦੀ ਵੀ ਚੱਲਦੀ ਨਹੀਂ। ਬਾਪ ਆਕੇ ਬੁੱਧੀ ਦਾ ਤਾਲਾ ਖੋਲ੍ਹਦੇ ਹਨ। ਇੱਥੇ ਹੈ ਨਵੀਂ ਗੱਲ। ਹੋਰ ਸਤਿਸੰਗ ਵਿੱਚ ਇਵੇਂ ਨਹੀਂ ਸਮਝਦੇ ਹਨ ਕਿ ਸ਼ਿਵਬਾਬਾ ਨਾਲੇਜ਼ ਦੇ ਰਹੇ ਹਨ। ਉੱਥੇ ਤੇ ਸਭ ਦੇਹਧਾਰੀ ਬੈਠੇ ਹੋਏ ਹਨ। ਤੁਹਾਨੂੰ ਨਿਸ਼ਚੇ ਹੈ - ਅਸੀਂ ਨਿਰਾਕਾਰ ਬਾਪ ਕੋਲੋਂ ਸੁਣ ਰਹੇ ਹਾਂ। ਨਿਰਾਕਾਰ ਜਰੂਰ ਜਦੋਂ ਸਾਕਾਰ ਵਿੱਚ ਆਉਣ ਤਾਂ ਹੀ ਪਹਿਚਾਣ ਦੇਣ। ਕਲਪ - ਕਲਪ ਬਾਪ ਆਉਂਦੇ ਹਨ। ਆਕੇ ਮਾਲਿਕ ਬਣਾਉਂਦੇ ਹਨ। ਫਿਰ ਵੀ ਮਾਇਆ ਕਿੰਨਾ ਹੈਰਾਨ ਕਰਦੀ ਹੈ। ਵਿਘਣ ਪਾਉਂਦੀ ਹੈ। ਰੁਦ੍ਰ ਗਿਆਨ ਯੱਗ ਵਿੱਚ ਅਸੁਰਾਂ ਦੇ ਵਿਘਣ ਪੈਂਦੇ ਹਨ। ਦੇਹ - ਅਭਿਮਾਨ ਆਉਣਾ ਨਾਲ ਹੀ ਵਿਘਣ ਪੈਂਦੇ ਹਨ। ਬਾਬਾ ਕਹਿੰਦੇ ਹਨ - ਆਪਣੇ ਨੂੰ ਅਸ਼ਰੀਰੀ ਸਮਝੋ। ਅਸੀਂ ਤਾਂ ਬਾਬਾ ਦੇ ਬਣੇ ਹਾਂ। ਬਾਬਾ ਵਾਪਿਸ ਲੈਣ ਆਏ ਹਨ। ਇਹ ਸ਼ਰੀਰ ਛੱਡ ਵਾਪਿਸ ਜਾਣਾ ਹੈ। ਆਪਣੇ ਨਾਲ ਗੱਲਾਂ ਕਰੋ। ਸੂਖਸ਼ਮ ਦੇਹਧਾਰੀ ਅਤੇ ਸਥੂਲ ਦੇਹਧਾਰੀ ਸਬਦੀ ਯਾਦ ਛੱਡਣੀ ਹੈ। ਪੱਕਾ - ਪੱਕਾ ਨਿਸ਼ਚੇ ਕਰਨਾ ਹੈ। ਅਸੀਂ ਆਤਮਾਵਾਂ ਪਰਮਧਾਮ ਤੋਂ ਆਈਆ ਹਾਂ। ਉੱਥੇ ਦੇ ਅਸੀਂ ਰਹਿਣ ਵਾਲੇ ਹਾਂ। ਸਤਿਯੁਗ ਵਿੱਚ ਇੰਨੇ ਜਨਮ ਰਾਜਾਈ ਕੀਤੀ। 84 ਜਨਮ ਲਏ, ਹੁਣ ਨਾਟਕ ਪੂਰਾ ਹੁੰਦਾ ਹੈ। ਵਾਪਿਸ ਜਾਣਾ ਹੈ। ਘਰ ਵਿੱਚ ਕੋਈ ਹੰਗਾਮਾ ਹੋਵੇ ਤੇ ਕੋਠਰੀ ਵਿੱਚ ਸ਼ਿਵ ਦਾ ਚਿਤਰ ਰੱਖ ਦਵੋ।

ਬ੍ਰਾਹਮਣ ਲੋਕ ਇਸਤਰੀਆਂ ਨੂੰ ਕਹਿੰਦੇ ਹਨ ਸ਼ਿਵ ਦੀ ਪੂਜਾ ਨਹੀਂ ਕਰਨੀ ਹੈ। ਪਰ ਸ਼ਿਵਬਾਬਾ ਤਾਂ ਆਉਂਦੇ ਹੀ ਹਨ ਮਾਤਾਵਾਂ ਦੇ ਲਈ। ਸ਼ਿਵ ਦੇ ਉਪਰ ਤੋਂ ਬਹੁਤ ਜਾਕੇ ਲੋਟੀਆਂ ਚੜ੍ਹਾਉਂਦੇ ਹਨ। ਪੁਜਾਰੀ ਲੋਕ ਖੁਸ਼ ਹੁੰਦੇ ਹਨ ਕਿਉਂਕਿ ਮਾਤਾਵਾਂ ਸਭਤੋਂ ਜਾਸਤੀ ਪੈਸੇ ਰੱਖਦੀਆਂ ਹਨ। ਭਗਤੀ ਦੀ ਚੰਗੀ ਭਾਵਨਾ ਅਬਲਾਵਾਂ ਮਾਤਾਵਾਂ ਵਿੱਚ ਰਹਿੰਦੀ ਹੈ। ਪੁਰਸ਼ ਤੇ ਜਿਵੇਂ ਖੱਗੇ ਹਨ। ਘੜੀ - ਘੜੀ ਬਾਹਰ ਨਿਕਲ ਜਾਂਦੇ ਹਨ। ਬੁੱਧੀਯੋਗ ਬਹੁਤ ਭਟਕਦਾ ਹੈ। ਪਤਨੀ ਦਾ ਪਤੀ ਵਲ ਬਹੁਤ ਮੋਹ ਜਾਂਦਾ ਹੈ। ਤੁਸੀਂ ਬੱਚੇ ਸਮਝਦੇ ਹੋ ਇਹ ਦੁੱਖਧਾਮ ਹੈ। ਹੁਣ ਸੁਖਧਾਮ ਸਥਾਪਨ ਕਰਨ ਵਾਲਾ ਬਾਬਾ ਆਇਆ ਹੋਇਆ ਹੈ। ਯੁਕਤੀਆਂ ਰਚਨੀ ਹੈ - ਅਸੀਂ ਬਾਬਾ ਨੂੰ ਕਿਵੇਂ ਯਾਦ ਕਰੀਏ? ਉਹਨਾਂ ਨੂੰ ਇਹਨਾਂ ਅੱਖਾਂ ਨਾਲ ਨਹੀਂ ਦੇਖਿਆ ਜਾਂਦਾ। ਇਹ ਆਤਮਾ ਕਹਿੰਦੀ ਹੈ - ਸਾਡਾ ਸ਼ਿਵਬਾਬਾ ਬਾਪ ਹੈ। ਸ਼ਿਵ ਦਾ ਚਿੱਤਰ ਦੇਖਣ ਨਾਲ ਬੜੀ ਖੁਸ਼ੀ ਹੋਵੇਗੀ।

ਤੁਸੀਂ ਬੱਚਿਆਂ ਦਾ ਯੋਗ ਵੀ ਅਵਿੱਭਚਾਰੀ ਚਾਹੀਦਾ ਹੈ - ਸ਼ਿਵ ਦਾ ਚਿੱਤਰ ਰੱਖ ਘੜੀ - ਘੜੀ ਯਾਦ ਕਰਦੇ ਰਹੋ। ਬਾਬਾ ਨੇ ਆਪਣਾ ਮਿਸਾਲ ਦੱਸਿਆ ਸੀ। ਲਕਸ਼ਮੀ - ਨਾਰਾਇਣ ਦੇ ਚਿਤਰ ਨਾਲ ਵੀ ਮੇਰਾ ਕਿੰਨਾ ਪਿਆਰ ਸੀ! ਫਿਰ ਇੱਕ ਦਿਨ ਖਿਆਲ ਆਇਆ - ਲਕਸ਼ਮੀ -ਦਾਸੀ ਬਣ ਪੈਰ ਦਬਾ ਰਹੀ ਹੈ। ਇਵੇਂ ਤਾਂ ਠੀਕ ਨਹੀਂ ਹੈ। ਤਾਂ ਆਰਟਿਸਟ ਨੂੰ ਕਿਹਾ - ਇਸ ਵਿੱਚੋ ਲਕਸ਼ਮੀ ਨੂੰ ਤਾਂ ਮੁਕਤ ਕਰ ਦਵੋ। ਬਾਕੀ ਨਾਰਾਇਣ ਦਾ ਚਿੱਤਰ ਪੋਕੇਟ ਵਿੱਚ ਪਿਆ ਰਹਿੰਦਾ ਸੀ। ਇੱਕ ਪੋਕੇਟ ਵਿੱਚ, ਇੱਕ ਮੁਰਾਦੀ ਦੇ ਬੋਕਸ ਵਿੱਚ। ਘੜੀ - ਘੜੀ ਚਿੱਤਰ ਦੇਖਦਾ ਰਹਿੰਦਾ ਸੀ। ਜਿਵੇਂ ਮਸਤ। ਪਰ ਗੁਪਤ ਕਰਦਾ ਸੀ। ਕੋਈ ਦੇਖੇ ਨਹੀਂ। ਨਹੀਂ ਤਾਂ ਕਹਿਣਗੇ - ਇਹ ਕੀ ਕਰਦਾ ਹੈ? ਪਹਿਲੇ ਸ਼੍ਰੀਕ੍ਰਿਸ਼ਨ ਨਾਲ ਪਿਆਰ ਸੀ ਫਿਰ ਉਹਨਾਂ ਨੂੰ ਛੱਡ ਵਿਸ਼ਨੂੰ ਨਾਲ ਹੋ ਗਿਆ ਜਿਵੇਂ ਭਗਤੀ ਨੌਧਾ ਹੁੰਦੀ ਹੈ। ਉਵੇਂ ਇਹ ਯਾਦ ਵੀ ਨੌਧਾ ਹੋਣਾ ਚਾਹੀਦੀ ਹੈ, ਇਸਨਾਲ ਪ੍ਰਾਪਤੀ ਬਹੁਤ ਭਾਰੀ ਹੈ। ਉਹਨਾਂ ਤੋਂ ਕੁਝ ਨਹੀਂ ਅਲਪਕਾਲ ਦੇ ਲਈ ਥੋੜਾ ਸੁਖ ਮਿਲਦਾ ਹੈ। ਫਿਰ ਦੂਸਰੇ ਜਨਮ ਵਿੱਚ ਮਿਹਨਤ ਕਰਨੀ ਪਵੇ। ਭਗਤੀ ਵਿੱਚ, ਧੰਧੇ ਆਦਿ ਵਿੱਚ ਮਿਹਨਤ ਲੱਗਦੀ ਹੈ। ਕਮਾਓ, ਤਾਂ ਖਾਓ। ਬਾਬਾ ਤੁਹਾਨੂੰ ਇਸ ਇੱਕ ਜਨਮ ਵਿੱਚ ਇੰਨੀ ਮਿਹਨਤ ਕਰਾਉਂਦੇ ਹਨ ਜੋ 21 ਜਨਮ ਪ੍ਰਾਲਬੱਧ ਭੋਗਦੇ ਰਹੋਂਗੇ। ਕੁਝ ਵੀ ਮਿਹਨਤ ਕਰਨ ਦੀ ਲੋੜ ਨਹੀਂ ਰਹੇਗੀ। 21 ਜਨਮ ਸਦਾ ਸੁਖੀ ਰਹੋਗੇ। ਤਾਂ ਅਜਿਹਾ ਬਾਪ ਜੋ ਪੁਰਸ਼ਾਰਥ ਕਰਨਾ ਸਿਖਾਉਂਦੇ ਹਨ, ਉਨ੍ਹਾਂ ਨੂੰ ਤਾਂ ਯਾਦ ਕਰਨਾ ਚਾਹੀਦਾ ਹੈ। ਕਹਿੰਦੇ ਹਨ - ਸਵਾਸੋ ਸਵਾਸ ਯਾਦ ਕਰੋ। ਗੁਰੂ ਲੋਕ ਆਪਣੇ ਚੇਲਿਆਂ ਨੂੰ ਕਹਿੰਦੇ ਹਨ - ਮਾਲਾ ਫੇਰੋ। ਰਾਮ - ਰਾਮ ਕਰਦੇ ਰਹੋ, ਬਸ। ਰਾਮ - ਰਾਮ ਜਪਦੇ - ਜਪਦੇ ਖੜੇ ਹੋ ਜਾਂਦੇ ਹਨ। ਰਾਮ - ਰਾਮ ਦੀ ਮਸਤੀ ਵਿੱਚ ਝੂਲਦੇ ਹਨ। ਜਿਵੇਂ ਕਿ ਰਾਮ ਦੀ ਪੁਰੀ ਵਿੱਚ ਪਹੁੰਚ ਗਏ ਹਨ। ਤੁਹਾਨੂੰ ਤਾਂ ਬਾਬਾ ਕਹਿੰਦੇ ਹਨ - ਇੱਕ ਸ਼ਿਵਬਾਬਾ ਦੀ ਯਾਦ ਦਾ ਅਜਪਾਜਪ ਕਰੋ ਹੋਰ ਕੁਝ ਯਾਦ ਨਾ ਆਏ। ਪਰ ਮਾਇਆ ਵੀ ਸਾਮਣਾ ਕਰਦੀ ਹੈ। ਭਗਤੀ ਮਾਰਗ ਵਿੱਚ ਥੋੜੀਹੀ ਮਾਇਆ ਸਾਮਣਾ ਕਰਦੀ ਹੈ। ਇਹ ਹੈ ਮਾਇਆ ਅਤੇ ਈਸ਼ਵਰ ਦੇ ਬੱਚਿਆਂ ਦੀ ਯੁੱਧ। ਨਾਟਕ ਵੀ ਬਨਾਉਂਦੇ ਹਨ - ਭਗਵਾਨ ਇਵੇਂ ਕਹਿੰਦੇ ਹਨ, ਮਾਇਆ ਇਵੇਂ ਕਹਿੰਦੀ ਹੈ। ਹੁਣ ਹੈ ਸੰਗਮਯੁਗ। ਮਾਇਆ ਦੇ ਉਲਟੇ - ਉਲਟੇ ਸੰਕਲਪ - ਵਿਕਲਪ ਤਾਂ ਆਉਂਦੇ ਹੀ ਰਹਿਣਗੇ। ਤੂਫਾਨ ਕਿਵੇਂ ਜ਼ੋਰ ਨਾਲ ਲੱਗਦਾ ਹੈ ਜੋ ਮਨੁੱਖ ਨੂੰ ਵੀ ਉਡਾਕੇ ਦੂਰ ਸੁੱਟ ਦਿੰਦਾ ਹੈ। ਇਹ ਫਿਰ ਮਾਇਆ ਰਾਵਣ ਦਾ ਤੂਫ਼ਾਨ ਹੈ। ਉਸਤੋਂ ਬਚਨ ਦੀਆਂ ਯੁਕਤੀਆਂ ਤਾਂ ਬਾਬਾ ਦੱਸਦੇ ਰਹਿੰਦੇ ਹਨ। ਤੁਸੀਂ ਕਹੋਗੇ ਸਾਨੂੰ ਪਰਮਪਿਤਾ ਪਰਮਾਤਮਾ ਰਾਜਯੋਗ ਸਿਖਾਉਂਦੇ ਹਨ।

ਤੁਹਾਨੂੰ ਕੋਈ ਪੁੱਛੇ - ਤੁਹਾਨੂੰ ਇਹ ਸੰਨਿਆਸ ਕਿਸਨੇ ਕਰਾਇਆ? ਗੁਰੂ ਕੌਣ ਹੈ? ਬੋਲੋ - ਪਰਮਪਿਤਾ ਪਰਮਾਤਮਾ। ਇਵੇਂ ਦਾ ਕੋਈ ਨਹੀਂ ਹੋਵੇਗਾ ਜਿਸਨੂੰ ਭਗਵਾਨ ਸੰਨਿਆਸ ਕਰਾਏ। ਉਹ ਸਭ ਮਨੁੱਖ, ਮਨੁੱਖ ਨੂੰ ਕਰਾਉਂਦੇ ਹਨ। ਇੱਥੇ ਬਾਪ ਆਕੇ ਕਹਿੰਦੇ ਹਨ - ਦੇਹ ਸਹਿਤ ਜੋ ਵੀ ਸੰਬੰਧ ਹਨ ਉਹਨਾਂ ਨੂੰ ਛੱਡੋ। ਇਸ ਪੁਰਾਣੀ ਦੁਨੀਆਂ ਦਾ ਤਿਆਗ ਕਰ ਨਵੀਂ ਦੁਨੀਆਂ ਨੂੰ ਯਾਦ ਕਰੋ - ਸੰਨਿਆਸੀ ਇਵੇਂ ਥੋੜੀਹੀ ਕਹਿਣਗੇ। ਹੁਣ ਤਾਂ ਪ੍ਰੈਕਟਿਕਲ ਵਿੱਚ ਪੁਰਾਣੀ ਦੁਨੀਆਂ ਦਾ ਵਿਨਾਸ਼ ਹੋਣਾ ਹੈ, ਇਸਲਈ ਸਭਦਾ ਬੁੱਧੀ ਤੋਂ ਤਿਆਗ ਕਰ ਇੱਕ ਬਾਪ ਨਾਲ ਬੁੱਧੀ ਲਗਾਉਣੀ ਹੈ। ਤੁਸੀਂ ਸਗਾਈ ਕਰਦੇ ਹੋ ਨਾ। ਦੇਹਧਾਰੀ ਨੂੰ ਯਾਦ ਕੀਤਾ ਤਾਂ ਸਗਾਈ ਕੱਚੀ ਹੋ ਜਾਏਗੀ। ਸਰਵ

ਧਰਮਾਨੀ ...ਮੈਂ ਫਲਾਣਾ ਹਾਂ, ਇਹ ਹਾਂ ...। ਇਹ ਸਭ ਛੱਡ ਆਪਣੇ ਨੂੰ ਆਤਮਾ ਸਮਝੋਂ। 84 ਜਨਮਾਂ ਨੂੰ ਤਾਂ ਤੁਸੀਂ ਜਾਣ ਗਏ ਹੋ। ਹੁਣ ਖੁਸ਼ੀ ਨਾਲ ਵਾਪਿਸ ਜਾਂਦੇ ਹੋ। ਤਾਲੀ ਵਜਾਉਣੀ ਚਾਹੀਦੀ ਹੈ। ਅਸੀਂ ਆਤਮਾਵਾਂ ਇੱਕ ਸ਼ਰੀਰ ਛੱਡ ਦੂਸਰਾ ਲੈਂਦੀਆਂ ਹਾਂ। ਆਪਣੇ ਨੂੰ ਦੇਹੀ ਸਮਝਣਾ ਹੈ। ਅਸੀਂ ਆਤਮਾ ਪਹਿਲੇ - ਪਹਿਲੇ ਗੋਰੀ ਸੀ, ਫਿਰ 84 ਜਨਮ ਲਏ। ਹੁਣ ਵਾਪਿਸ ਜਾਕੇ ਫਿਰ ਆਏ ਸਵਰਗ ਵਿੱਚ ਰਾਜ ਕਰਾਂਗੇ। ਇਹ ਸਵਦਰਸ਼ਨ ਚੱਕਰ ਫਿਰਾਉਂਣਾ ਕਿੰਨਾ ਸਹਿਜ ਹੈ। ਸ਼ਿਵ ਦਾ ਚਿੱਤਰ ਤਾਂ ਪੋਕੇਟ ਵਿੱਚ ਪਿਆ ਰਹੇ। ਬਾਬਾ ਤੁਸੀਂ ਆਏ ਹੋ, ਕਿੰਨੇ ਮਿੱਠੇ ਹੋ, ਸਾਡੇ ਬਾਬਾ ਹੋ ਨਾ - ਇਵੇਂ-ਇਵੇਂ ਦੀਆਂ ਗੱਲਾਂ ਕਰਨੀਆਂ ਚਾਹੀਦੀਆਂ ਹਨ। ਸ਼੍ਰੀਕ੍ਰਿਸ਼ਨ ਦੇ ਨਾਲ ਭਗਤੀ ਮਾਰਗ ਵਿੱਚ ਇਵੇਂ ਦੀਆਂ ਗੱਲਾਂ ਕਰਦੇ ਸਨ ਨਾ। ਸ਼ਿਵ ਦਾ ਫਸਟ ਕਲਾਸ ਲਾਕੇਟ ਸੋਨੇ - ਚਾਂਦੀ ਦੇ ਬਨਾਉਣਗੇ। ਗਰੀਬਾਂ ਨੂੰ ਸੋਨੇ ਦਾ, ਸ਼ਾਹੂਕਾਰਾਂ ਨੂੰ ਚਾਂਦੀ ਦਾ ਦੇਣਗੇ। ਇਹ ਮਾਤਾਵਾਂ ਬੜੀਆਂ ਮਿੱਠੀਆਂ ਹਨ। ਗਾਂਵ ਵਾਲਿਆਂ ਵਿੱਚ ਭਾਵ ਚੰਗਾ ਰਹਿੰਦਾ ਹੈ ਨਾ। ਸਧਾਰਨ ਬੱਚਿਆਂ ਨੂੰ ਵੇਖ ਬਾਬਾ ਵੀ ਖੁਸ਼ ਹੁੰਦੇ ਹਨ। ਸ਼੍ਰੀਕ੍ਰਿਸ਼ਨ ਨੂੰ ਗਾਂਵੜੇ ਦਾ ਛੋਰਾ ਕਹਿੰਦੇ ਹਨ ਨਾ। ਸ਼੍ਰੀਕ੍ਰਿਸ਼ਨ ਤਾਂ ਗਾਂਵੜੇ ਦਾ ਛੋਰਾਂ ਬਣ ਨਾ ਸਕੇ। ਉਹ ਤਾਂ ਸਵਰਗ ਦਾ ਮਾਲਿਕ ਹੈ। ਇਹਨਾਂ ਦੀਆਂ ਅਤੇ ਸ਼੍ਰੀਕ੍ਰਿਸ਼ਨ ਦੀਆਂ ਗੱਲਾਂ ਮਿਕਸ ਕਰ ਦਿੱਤੀਆਂ ਹਨ। ਗਾਂਵੜੇ ਦਾ ਪੂਰਾ ਅਨੁਭਵ ਇਹਨਾਂ ਨੂੰ ਹੈ। ਤਾਂ ਸ਼ਿਵਬਾਬਾ ਅਤੇ ਸ਼੍ਰੀਕ੍ਰਿਸ਼ਨ ਗਾਵੜੇ ਦਾ ਛੋਰਾਂ ਬਣ ਨਾ ਸਕਣ। ਹਾਂ, ਇਹ (ਦਾਦਾ) ਛੋਟੇਪਨ ਵਿੱਚ ਸੀ। ਪਲਿਆ ਹੀ ਗਾਂਵੜੇ ਵਿੱਚ ਹਾਂ। ਤਾਂ ਇਸ ਸਾਧਾਰਨ ਤਨ ਵਿੱਚ ਫਿਰ ਬਾਪ ਨੇ ਆਕੇ ਪ੍ਰਵੇਸ਼ ਕੀਤਾ ਹੈ। ਬਾਬਾ ਨੇ ਮੁਖ ਗੱਲ ਸਮਝਾਈ ਹੈ ਕਿ ਸਾਰਾ ਮਦਾਰ ਹੈ ਯਾਦ ਤੇ। ਯਾਦ ਕਦੀ ਭੁਲਾਨਾ ਨਹੀਂ ਚਾਹੀਦਾ ਹੈ। ਲੌਕਿਕ ਬੱਚਾ ਥੋੜੀਹੀ ਕਦੀ ਕਹਿਣਗੇ - ਮੈਂ ਬਾਪ ਨੂੰ ਭੁੱਲ ਜਾਂਦਾ ਹਾਂ। ਸਜਨੀ ਕਦੀ ਸਾਜਨ ਨੂੰ ਭੁੱਲ ਜਾਂਦੀ ਹੈ ਕੀ? ਇਮਪਾਸਿਬਲ ਹੈ। ਇਹ ਹੈ ਤੁਸੀਂ ਬੱਚਿਆਂ ਦੇ ਲਈ ਮਿਹਨਤ। ਨਿਰੰਤਰ ਯਾਦ ਦੇ ਅਭਿਆਸ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਨਹੀਂ ਤਾਂ ਫਿਰ ਸਜ਼ਾ ਖਾਣੀ ਪਵੇਗੀ। ਵਿਜੇ ਮਾਲਾ ਵਿੱਚ ਆ ਨਹੀਂ ਸਕਣਗੇ। ਕਮਾਲ ਹੈ ਬਾਪ ਦੀ ਜੋ ਬੁੱਢਿਆਂ, ਗਰੀਬਾਂ, ਗਨਿਕਾਵਾਂ, ਅਹਿਲਆਵਾਂ, ਕੁਬਜਾਵਾਂ ਆਦਿ ਨੂੰ ਆਕੇ ਆਪਣਾ ਬਣਾਉਂਦੇ ਹਨ। ਉਵੇਂ ਤਾਂ ਕਿਸੇ ਚਿੱਤਰ ਦੀ ਲੋੜ ਨਹੀਂ ਹੈ। ਪਰ ਮਾਇਆ ਭੁਲਾ ਦਿੰਦੀ ਹੈ, ਇਸਲਈ ਚਿੱਤਰ ਰੱਖਿਆ ਜਾਂਦਾ ਹੈ। ਬੁੱਧੀ ਵਿੱਚ ਰਹਿਣਾ ਚਾਹੀਦਾ ਹੈ ਅਸੀਂ ਜਾਂਦੇ ਹਾਂ ਬਾਬਾ ਦੇ ਕੋਲ। ਰਸਤਾ ਦੇਖ ਲਿਆ ਹੈ। ਮੁਕਤੀ - ਜੀਵਨਮੁਕਤੀ ਦਾ। ਹੋਰ ਕੋਈ ਪੰਡਾ ਹੁੰਦਾ ਹੀ ਨਹੀਂ ਹੈ। ਇਹਨੂੰ ਇੰਦਰਪ੍ਰਸ਼ਤ ਕਹਿੰਦੇ ਹਨ, ਕੋਈ ਪਤਿਤ ਆਕੇ ਛਿਪਕੇ ਬੈਠੇਗਾ ਤਾਂ ਪੱਥਰਬੁੱਧੀ ਬਣ ਜਾਏਗਾ। ਬਾਬਾ ਤਾਂ ਅੰਤਰਯਾਮੀ ਹੈ ਨਾ! ਇਹ ਬਾਬਾ (ਬ੍ਰਹਮਾ) ਬਾਹਰਯਾਮੀ ਹੈ। ਉਸ ਬਾਬਾ ਨੂੰ ਝੱਟ ਪਤਾ ਲੱਗ ਜਾਂਦਾ ਹੈ - ਪਤਿਤ ਛਿਪਿਆ ਹੋਇਆ ਬੈਠਾ ਹੈ। ਤਾਂ ਜਿਸਨੇ ਅਜਿਹੇ ਪਤਿਤ ਨੂੰ ਲਿਆਉਂਦਾ ਉਹਨਾਂ ਨੂੰ ਅਤੇ ਜੋ ਪਤਿਤ ਆਕੇ ਬੈਠਾ ਹੋਵੇਗਾ - ਉਹਨਾਂ ਦੋਵਾਂ ਨੂੰ ਸਜਾ ਮਿਲੇਗੀ। ਇਸਲਈ ਕਦੀ ਵੀ ਪਤਿਤ ਨੂੰ ਨਹੀਂ ਲਿਆਉਣਾ ਚਾਹੀਦਾ। ਲਾਅ ਇਵੇਂ ਦੇ ਕੜ੍ਹੇ ਹਨ। ਕਈ ਪਤਿਤ ਛੀ -ਛੀ ਨੂੰ ਨਹੀਂ ਬਿਠਾਉਣਾ ਚਾਹੀਦਾ ਹੈ। ਨਹੀਂ ਤਾਂ ਵੱਡੀ ਕੜੀ ਸਜ਼ਾ ਦੇ ਭਾਗੀ ਬਣ ਜਾਣਗੇ। ਇੱਥੇ ਕੋਈ ਚੋਰੀ ਠਗੀ ਚਲ - ਨਾ -ਸਕੇ। ਪਾਪ ਅਤੇ ਪੁੰਨ ਦਾ ਹਿਸਾਬ - ਕਿਤਾਬ ਧਰਮਰਾਜ ਦੇ ਕੋਲ ਰਹਿੰਦਾ ਹੈ ਨਾ! ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਭਦੀ ਯਾਦ ਨੂੰ ਸਮੇਟ, ਬੁੱਧੀਯੋਗ ਸਭ ਤੋਂ ਤੋੜ ਬਾਪ ਦੀ ਯਾਦ ਵਿੱਚ ਰਹਿਣਾ ਹੈ। ਸ਼ਿਵਬਾਬਾ ਦੀ ਕੋਠੀ ਬਣਾਏ ਉਹਨਾਂ ਦੀ ਅਵਿੱਭਚਾਰੀ ਯਾਦ ਵਿੱਚ ਬੈਠਣਾ ਹੈ।

2. ਆਪਣੇ ਆਪ ਨਾਲ ਮਿੱਠੀਆਂ - ਮਿੱਠੀਆਂ ਗੱਲਾਂ ਕਰਨੀਆਂ ਹਨ। ਅਸੀਂ ਪਹਿਲੇ ਕਿੰਨੇ ਸੁੰਦਰ (ਗੋਰੇ) ਸੀ,ਫਿਰ 84 ਜਨਮ ਲੀਤੇ , ਹਨ ਖੁਸ਼ੀ ਨਾਲ ਵਾਪਿਸ ਜਾਂਦੇ ਹਾਂ, ਇਵੇਂ ਆਪਣੇ ਨਾਲ ਗੱਲਾਂ ਕਰ ਸਵਦਰਸ਼ਨ ਚੱਕਰ ਫਿਰਾਉਣਾ ਹੈ ।

ਵਰਦਾਨ:- ਸਵਚਿੰਤਨ ਅਤੇ ਸਵਦਰਸ਼ਨ ਦਵਾਰਾ ਹੀਰੇ ਸਮਾਨ ਅਮੁਲ ਜੀਵਨ ਦਾ ਅਨੁਭਵ ਕਰਨ ਵਾਲੇ ਬੇਦਾਗ਼ ਭਵ

ਹੀਰੇ ਸਮਾਨ ਅਮੁਲ ਜੀਵਨ ਦਾ ਅਨੁਭਵ ਕਰਨ ਦੇ ਲਈ ਸਦਾ ਸਵਚਿੰਤਨ ਕਰੋ ਅਤੇ ਸਵਦਰਸ਼ਨ ਚੱਕਰਧਾਰੀ ਬਣੋ ਕਿਉਂਕਿ ਹੀਰੇ ਨੂੰ ਦਾਗ਼ੀ ਬਣਾਉਣ ਵਾਲੀਆਂ ਦੋ ਗੱਲਾਂ ਹਨ - ਇੱਕ ਪਰਦਰਸ਼ਨ, ਦੂਸਰਾ ਪਰਚਿੰਤਨ। ਇਹ ਹੀ ਦੋ ਗੱਲਾਂ ਸੰਗ ਦੇ ਰੰਗ ਵਿੱਚ ਸਵੱਛ ਹੀਰੇ ਨੂੰ ਦਾਗ਼ੀ ਬਣਾ ਦਿੰਦੀਆਂ ਹਨ ਇਸਲਈ ਇਸ ਮੂਲ ਬੀਜ਼ ਨੂੰ ਸਮਾਪਤ ਕਰ ਸਵਚਿੰਤਨ ਕਰੋ ਅਤੇ ਸਵਦਰਸ਼ਨ ਚੱਕਰ ਫਿਰਾਓ ਤਾਂ ਧੂਲ ਅਤੇ ਦਾਗ਼ ਲਗ ਨਹੀਂ ਸਕਦਾ। ਸਦਾ ਬੇਦਾਗ਼ ਸੱਚਾ ਹੀਰਾ, ਚਮਕਦਾ ਹੋਇਆ ਅਮੁਲ ਹੀਰਾ ਬਣ ਜਾਵੋਗੇ।

ਸਲੋਗਨ:- ਵਚਿੱਤਰ ਬਾਪ ਦੇ ਚਿੱਤਰ ਨੂੰ ਯਾਦ ਕਰਨ ਵਾਲੇ ਹੀ ਚਰਿਤ੍ਰਵਾਨ ਹਨ।

******